# ਕਮਿਸ਼ਨ ਨੂੰ ਸਬਮਿਸ਼ਨਾਂ

ਤੁਹਾਨੂੰ ਲਿਖਤੀ ਸਬਮਿਸ਼ਨ ਜਮ੍ਹਾ ਕਰਨ ਲਈ ਸੱਦਾ ਦਿੱਤਾ ਜਾਂਦਾ ਹੈ। ਕਮਿਸ਼ਨ ਕੈਨੇਡਾ ਦੀਆਂ ਫੈਡਰਲ ਚੋਣ ਪ੍ਰਕਿਰਿਆਵਾਂ ਅਤੇ ਲੋਕਤੰਤਰੀ ਸੰਸਥਾਵਾਂ (ਕਮਿਸ਼ਨ ਦੇ ਅਧਿਅਦੇਸ਼ ਦੇ ਸੰਦਰਭ ਵਿੱਚ, " ਲੋਕਤੰਤਰੀ ਸੰਸਥਾਵਾਂ" ਸੰਸਦ ਅਤੇ ਕਾਰਜਕਾਰੀ ਸ਼ਾਖਾ ਦਾ ਹਵਾਲਾ ਦਿੰਦੀਆਂ ਹਨ) ਵਿੱਚ ਵਿਦੇਸ਼ੀ ਦਖਲਅੰਦਾਜ਼ੀ ਦੇ ਮਾਮਲੇ 'ਤੇ ਜਨਤਾ ਦੇ ਸਾਰੇ ਮੈਂਬਰਾਂ ਤੋਂ ਉਨ੍ਹਾਂ ਦੇ ਤਜ਼ਰਬਿਆਂ, ਟਿੱਪਣੀ ਅਤੇ ਵਿਚਾਰਾਂ 'ਤੇ ਯੋਗਦਾਨਾਂ ਦਾ ਸੁਆਗਤ ਕਰਦੀ ਹੈ। ਤੁਹਾਨੂੰ ਆਪਣੀ ਸਬਮਿਸ਼ਨ ਲਈ ਹੇਠਾਂ ਦਿਸ਼ਾ-ਨਿਰਦੇਸ਼ ਮਿਲਣਗੇ।

ਕਮਿਸ਼ਨ ਦੇ ਅਧਿਅਦੇਸ਼ ਦਾ ਇੱਕ ਮਹੱਤਵਪੂਰਨ ਹਿੱਸਾ ਉਨ੍ਹਾਂ ਨਸਲੀ ਅਤੇ ਸੱਭਿਆਚਾਰਕ ਭਾਈਚਾਰਿਆਂ ਦੇ ਮੈਂਬਰਾਂ ਦੇ ਤਜ਼ਰਬਿਆਂ ਦੀ ਜਾਂਚ ਕਰਨਾ ਅਤੇ ਉਨ੍ਹਾਂ ਦੀ ਰਿਪੋਰਟ ਕਰਨਾ ਹੈ ਜੋ ਵਿਦੇਸ਼ੀ ਦਖਲਅੰਦਾਜ਼ੀ ਲਈ ਖਾਸ ਤੌਰ 'ਤੇ ਸੰਵੇਦਨਸ਼ੀਲ ਹੋ ਸਕਦੇ ਹਨ। ਸੱਭਿਆਚਾਰਕ ਅਤੇ ਖੇਤਰੀ ਮੂਲ ਨੂੰ ਸਾਂਝਾ ਕਰਨ ਵਾਲੇ (diaspora) ਭਾਈਚਾਰਿਆਂ ਦੇ ਮੈਂਬਰਾਂ ਨੂੰ ਲਿਖਤੀ ਸਬਮਿਸ਼ਨਾਂ ਪ੍ਰਦਾਨ ਕਰਕੇ ਕਮਿਸ਼ਨ ਨਾਲ ਜੁੜਨ ਲਈ ਉਤਸ਼ਾਹਿਤ ਕੀਤਾ ਜਾਂਦਾ ਹੈ।

31 ਜੁਲਾਈ, 2024 ਤੱਕ ਪ੍ਰਾਪਤ ਹੋਈਆਂ ਸਾਰੀਆਂ ਸਬਮਿਸ਼ਨਾਂ ਨੂੰ ਕਮਿਸ਼ਨ ਦੁਆਰਾ ਪੜ੍ਹਿਆ ਅਤੇ ਵਿਚਾਰਿਆ ਜਾਵੇਗਾ।

## ਕਮਿਸ਼ਨ ਨੂੰ ਆਪਣੀ ਸਬਮਿਸ਼ਨ ਤਿਆਰ ਕਰਨ ਲਈ ਦਿਸ਼ਾ-ਨਿਰਦੇਸ਼

ਤੁਹਾਨੂੰ ਜਿੰਨੀ ਜਲਦੀ ਹੋ ਸਕੇ ਆਪਣੀ ਸਬਮਿਸ਼ਨ ਕਰਨ ਲਈ ਉਤਸ਼ਾਹਿਤ ਕੀਤਾ ਜਾਂਦਾ ਹੈ। ਤੁਹਾਡੀ ਸਬਮਿਸ਼ਨ ਕਦੋਂ ਕਰਨੀ ਹੈ ਇਸ ਬਾਰੇ ਹੋਰ ਜਾਣਕਾਰੀ ਹੇਠਾਂ "ਮਹੱਤਵਪੂਰਨ ਤਾਰੀਖਾਂ" ਸਿਰਲੇਖ ਹੇਠ ਦਿੱਤੀ ਗਈ ਹੈ।

31 ਜੁਲਾਈ, 2024 ਤੱਕ ਪ੍ਰਾਪਤ ਹੋਈਆਂ ਸਾਰੀਆਂ ਸਬਮਿਸ਼ਨਾਂ ਨੂੰ ਕਮਿਸ਼ਨ ਦੁਆਰਾ ਪੜ੍ਹਿਆ ਅਤੇ ਵਿਚਾਰਿਆ ਜਾਵੇਗਾ। ਕਮਿਸ਼ਨ ਦੁਆਰਾ ਤੁਹਾਡੀ ਸਬਮਿਸ਼ਨ ਦਾ ਹਵਾਲਾ ਦਿੱਤਾ ਜਾ ਸਕਦਾ ਹੈ ਜਾਂ ਉਸ ਦਾ ਉਦਾਹਰਣ ਦਿੱਤਾ ਜਾ ਸਕਦਾ ਹੈ, ਜਾਂ ਤਾਂ ਲਿਖਤੀ ਰਿਪੋਰਟ ਵਿੱਚ ਜਾਂ ਕਮਿਸ਼ਨ ਦੀਆਂ ਜਨਤਕ ਸੁਣਵਾਈਆਂ ਦੌਰਾਨ। ਜਦੋਂ ਤੱਕ ਤੁਸੀਂ ਸਾਨੂੰ ਆਪਣੀ ਲਿਖਤੀ ਇਜਾਜ਼ਤ ਨਹੀਂ ਦਿੰਦੇ, ਕਮਿਸ਼ਨ ਤੁਹਾਡੇ ਬਾਰੇ ਕੋਈ ਵੀ ਪਛਾਣ ਕਰਨ ਵਾਲੀ ਜਾਣਕਾਰੀ, ਜਿਵੇਂ ਕਿ ਤੁਹਾਡਾ ਨਾਮ ਜਾਂ ਈਮੇਲ ਪਤਾ, ਜਾਰੀ ਨਹੀਂ ਕਰੇਗੀ। ਜੇ ਤੁਸੀਂ ਨਹੀਂ ਚਾਹੁੰਦੇ ਕਿ ਤੁਹਾਡੀ ਸਬਮਿਸ਼ਨ ਦਾ ਹਵਾਲਾ ਦਿੱਤਾ ਜਾਵੇ ਜਾਂ ਉਦਾਹਰਣ ਦਿੱਤਾ ਜਾਵੇ, ਤਾਂ ਸਪਸ਼ਟ ਤੌਰ 'ਤੇ ਆਪਣੀ ਸਬਮਿਸ਼ਨ ਨੂੰ "ਗੁਪਤ" ਵਜੋਂ ਚਿੰਨ੍ਹਿਤ ਕਰੋ।

ਆਪਣੀ ਸਬਮਿਸ਼ਨ ਤਿਆਰ ਕਰਦੇ ਸਮੇਂ, ਤੁਹਾਨੂੰ ਹੇਠ ਲਿਖਿਆਂ 'ਤੇ ਵਿਚਾਰ ਕਰਨ ਲਈ ਉਤਸ਼ਾਹਿਤ ਕੀਤਾ ਜਾਂਦਾ ਹੈ:

- ਵਿਸ਼ਿਸ਼ਟ ਰਹੋ, ਅਤੇ, ਜਿੱਥੇ ਉਚਿਤ ਹੋਵੇ, ਆਪਣੇ ਅਨੁਭਵਾਂ ਨਾਲ ਸੰਬੰਧਿਤ ਤੱਥਾਂ ਬਾਰੇ ਵਿਸ਼ਿਸ਼ਟ ਰਹੋ;
- ਸਭ ਤੋਂ ਮਹੱਤਵਪੂਰਨ ਚੀਜ਼ਾਂ 'ਤੇ ਧਿਆਨ ਕੇਂਦਰਿਤ ਕਰੋ ਜੋ ਤੁਸੀਂ ਚਾਹੁੰਦੇ ਹੋ ਕਿ ਕਮਿਸ਼ਨ ਜਾਣੇ; ਅਤੇ
- ਆਪਣੀ ਸਬਮਿਸ਼ਨ ਨੂੰ ਸੰਖੇਪ ਅਤੇ ਕੇਂਦ੍ਰਿਤ ਬਣਾਓ।

ਤੁਸੀਂ ਆਪਣੀ ਪਸੰਦ ਦੀ ਭਾਸ਼ਾ ਵਿੱਚ ਆਪਣੀ ਸਬਮਿਸ਼ਨ ਕਰ ਸਕਦੇ ਹੋ। ਜੇਕਰ ਤੁਸੀਂ ਫ੍ਰੈਂਚ ਜਾਂ ਅੰਗਰੇਜ਼ੀ ਤੋਂ ਇਲਾਵਾ ਕਿਸੇ ਹੋਰ ਭਾਸ਼ਾ ਵਿੱਚ ਸਬਮਿਸ਼ਨ ਕਰਦੇ ਹੋ, ਤਾਂ ਕਿਰਪਾ ਕਰਕੇ ਸਬਮਿਸ਼ਨ ਦੇ ਸ਼ੁਰੂ ਵਿੱਚ ਵਰਤੀ ਗਈ ਭਾਸ਼ਾ ਦੀ ਪਛਾਣ ਕਰੋ।

ਹੇਠਾਂ ਦਿੱਤੇ ਸਵਾਲ ਤੁਹਾਡੀ ਸਬਮਿਸ਼ਨ ਨੂੰ ਤਿਆਰ ਕਰਨ ਵਿੱਚ ਮਦਦਗਾਰ ਹੋ ਸਕਦੇ ਹਨ:

- **ਤੁਸੀਂ ਕੌਣ ਹੋ?** ਉਪਯੋਗੀ ਜਾਣਕਾਰੀ ਵਿੱਚ ਤੁਹਾਡੀ ਉਮਰ, ਕਿੱਤਾ (ਜੇਕਰ ਲਾਗੂ ਹੋਵੇ), ਅਤੇ ਡਾਇਸਪੋਰਾ ਭਾਈਚਾਰਿਆਂ ਨਾਲ ਹੋ ਸਕਣ ਵਾਲਾ ਤੁਹਾਡਾ ਕੋਈ ਵੀ ਸਬੰਧ ਜਾਂ ਸ਼ਮੂਲੀਅਤ ਸ਼ਾਮਲ ਹੈ।
- **ਤੁਸੀਂ ਕਨੇਡੀਅਨ ਫੈਡਰਲ ਚੋਣਾਂ ਜਾਂ ਲੋਕਤੰਤਰੀ ਪ੍ਰਕਿਰਿਆਵਾਂ ਵਿੱਚ ਕਿਵੇਂ ਸ਼ਾਮਲ ਰਹੇ ਹੋ?** ਉਪਯੋਗੀ ਜਾਣਕਾਰੀ ਵਿੱਚ ਤੁਹਾਡੀਆਂ ਕੋਈ ਵੀ ਰਾਜਨੀਤਿਕ ਮੈਂਬਰਸ਼ਿਪਾਂ ਜਾਂ ਸੰਬੰਧ, ਅਤੇ ਪਾਰਟੀ ਦੀਆਂ ਅੰਦਰੂਨੀ ਪ੍ਰਕਿਰਿਆਵਾਂ ਜਿਵੇਂ ਕਿ ਉਮੀਦਵਾਰ ਨਾਮਜ਼ਦਗੀਆਂ, ਫੈਡਰਲ ਚੋਣ ਪ੍ਰਕਿਰਿਆ ਦੇ ਨਾਲ, ਜਾਂ ਆਮ ਤੌਰ 'ਤੇ ਫੈਡਰਲ ਲੋਕਤੰਤਰੀ ਪ੍ਰਕਿਰਿਆਵਾਂ (ਉਦਾਹਰਣ ਲਈ, ਕਿਸੇ ਉਮੀਦਵਾਰ ਲਈ ਵਲੰਟੀਅਰ ਕਰਨਾ, ਕਿਸੇ ਮੁਹਿੰਮ, ਲਾਬਿੰਗ, ਦਾਨ, ਜਾਂ ਵੋਟਿੰਗ ਵਿੱਚ ਹਿੱਸਾ ਲੈਣਾ) ਨਾਲ ਤੁਹਾਡੀ ਕੋਈ ਸ਼ਮੂਲੀਅਤ ਸ਼ਾਮਲ ਹੁੰਦੀ ਹੈ।
- **ਤੁਸੀਂ ਫੈਡਰਲ ਚੋਣਾਂ ਜਾਂ ਲੋਕਤੰਤਰੀ ਪ੍ਰਕਿਰਿਆਵਾਂ ਵਿੱਚ ਵਿਦੇਸ਼ੀ ਦਖਲਅੰਦਾਜ਼ੀ ਬਾਰੇ ਕੀ ਜਾਣਦੇ ਹੋ?** ਉਪਯੋਗੀ ਜਾਣਕਾਰੀ ਵਿੱਚ ਇਹ ਸ਼ਾਮਲ ਹੁੰਦਾ ਹੈ ਕਿ ਤੁਸੀਂ ਕਿਸ ਵਿਦੇਸ਼ੀ ਦਖਲਅੰਦਾਜ਼ੀ ਬਾਰੇ ਜਾਣਦੇ ਹੋ, ਤੁਹਾਨੂੰ ਵਿਦੇਸ਼ੀ ਦਖਲਅੰਦਾਜ਼ੀ ਬਾਰੇ ਕਿਵੇਂ ਪਤਾ ਲਗਿਆ, ਅਤੇ ਕੀ ਤੁਸੀਂ ਵਿਅਕਤੀਗਤ ਤੌਰ 'ਤੇ ਕੈਨੇਡਾ ਦੀਆਂ ਫੈਡਰਲ ਚੋਣਾਂ ਜਾਂ ਲੋਕਤੰਤਰੀ ਪ੍ਰਕਿਰਿਆਵਾਂ ਵਿੱਚ ਦਖਲ ਦੇਣ ਦੀਆਂ ਵਿਦੇਸ਼ੀ ਪਾਤਰਾਂ ਦੀਆਂ ਕੋਸ਼ਿਸ਼ਾਂ ਦਾ ਨਿਸ਼ਾਨਾ ਬਣੇ ਹੋ।
- **ਤੁਸੀਂ ਕਨੇਡੀਅਨ ਫੈਡਰਲ ਚੋਣਾਂ ਜਾਂ ਲੋਕਤੰਤਰੀ ਪ੍ਰਕਿਰਿਆਵਾਂ ਵਿੱਚ ਵਿਦੇਸ਼ੀ ਦਖਲਅੰਦਾਜ਼ੀ ਤੋਂ ਕਿਵੇਂ ਪ੍ਰਭਾਵਿਤ ਹੋਏ ਹੋ?** ਉਪਯੋਗੀ ਜਾਣਕਾਰੀ ਵਿੱਚ ਤੁਹਾਡੀ ਸਿਹਤ, ਰਿਸ਼ਤਿਆਂ, ਕੰਮ ਦੇ ਜੀਵਨ, ਜਾਂ ਤੁਹਾਡੇ ਦੁਆਰਾ ਅਨੁਭਵ ਕੀਤੇ

ਗਏ ਹੋਰ ਪ੍ਰਭਾਵਾਂ 'ਤੇ ਕਿਸੇ ਵੀ ਅਸਰ ਦੇ ਨਾਲ ਹੀ ਤੁਹਾਡੇ ਦੁਆਰਾ ਅਥਾਰਟੀਆਂ ਅਤੇ ਸਾਧਨਾਂ ਜਿਵੇਂ ਕਿ ਕਾਨੂੰਨ ਲਾਗੂ ਕਰਨ ਵਾਲਿਆਂ ਜਾਂ ਸਰਕਾਰੀ ਵਿਭਾਗਾਂ, ਸੇਵਾਵਾਂ, ਜਾਂ ਵਿਦੇਸ਼ੀ ਦਖਲਅੰਦਾਜ਼ੀ ਨਾਲ ਸਬੰਧਤ ਏਜੰਸੀਆਂ ਨਾਲ ਕਿਸੇ ਵੀ ਗੱਲਬਾਤ ਬਾਰੇ ਜਾਣਕਾਰੀ ਸ਼ਾਮਲ ਹੁੰਦੀ ਹੈ।

- **ਤੁਸੀਂ ਵਿਦੇਸ਼ੀ ਦਖਲਅੰਦਾਜ਼ੀ ਦਾ ਜਵਾਬ ਕਿਵੇਂ ਦਿੱਤਾ ਹੈ ਜਾਂ ਉਸ ਪ੍ਰਤੀ ਕਿਵੇਂ ਪ੍ਰਤੀਕਿਰਿਆ ਕੀਤੀ ਹੈ?** ਉਪਯੋਗੀ ਜਾਣਕਾਰੀ ਵਿੱਚ ਕਾਨੂੰਨ ਲਾਗੂ ਕਰਨ ਵਾਲੇ ਜਾਂ ਸਰਕਾਰੀ ਵਿਭਾਗਾਂ, ਸੇਵਾਵਾਂ, ਏਜੰਸੀਆਂ, ਜਾਂ ਵਿਦੇਸ਼ੀ ਦਖਲਅੰਦਾਜ਼ੀ ਨਾਲ ਸਬੰਧਤ ਸੁਤੰਤਰ ਫੈਡਰਲ ਸੰਸਥਾਵਾਂ ਨਾਲ ਤੁਹਾਡਾ ਕੋਈ ਵੀ ਲੈਣ-ਦੇਣ ਸ਼ਾਮਲ ਹੁੰਦਾ ਹੈ। ਜੇ ਤੁਸੀਂ ਵਿਦੇਸ਼ੀ ਦਖਲਅੰਦਾਜ਼ੀ ਦਾ ਜਵਾਬ ਦੇਣ ਲਈ ਕਾਨੂੰਨ ਲਾਗੂ ਕਰਨ ਵਾਲਿਆਂ, ਸਰਕਾਰੀ ਵਿਭਾਗਾਂ, ਸੇਵਾਵਾਂ, ਏਜੰਸੀਆਂ ਜਾਂ ਸੁਤੰਤਰ ਸੰਘੀ ਸੰਸਥਾਵਾਂ ਤੋਂ ਸਹਾਇਤਾ ਮੰਗੀ ਜਾਂ ਪ੍ਰਾਪਤ ਕੀਤੀ, ਤਾਂ ਕਮਿਸ਼ਨ ਇਹ ਜਾਣਨ ਵਿੱਚ ਦਿਲਚਸਪੀ ਰੱਖਦੀ ਹੈ ਕਿ ਉਹ ਸਹਾਇਤਾ ਕਿੰਨੀ ਪ੍ਰਭਾਵਸ਼ਾਲੀ ਸੀ, ਅਤੇ ਇਹ ਸੁਣਨ ਵਿੱਚ ਕਿ ਹੋਰ ਕਿਹੜੀ ਚੀਜ਼ ਨੇ ਤੁਹਾਡੀ ਮਦਦ ਕੀਤੀ ਹੁੰਦੀ।
- **ਤੁਸੀਂ ਹੋਰ ਕੀ ਚਾਹੋਗੇ ਕਿ ਕਮਿਸ਼ਨ ਜਾਣੇ ਜਾਂ ਉਸ 'ਤੇ ਵਿਚਾਰ ਕਰੇ?** ਉਪਯੋਗੀ ਜਾਣਕਾਰੀ ਵਿੱਚ ਵਿਦੇਸ਼ੀ ਦਖਲਅੰਦਾਜ਼ੀ ਦਾ ਪਤਾ ਲਗਾਉਣ, ਉਸ ਨੂੰ ਰੋਕਣ ਜਾਂ ਉਸ ਦਾ ਮੁਕਾਬਲਾ ਕਰਨ ਅਤੇ ਉਹਨਾਂ ਲੋਕਾਂ ਦੀ ਰੱਖਿਆ ਜਾਂ ਸਮਰਥਨ ਕਰਨ ਸੰਬੰਧੀ ਕੋਈ ਵੀ ਸੁਝਾਅ ਜਾਂ ਸਿਫ਼ਾਰਸ਼ਾਂ ਸ਼ਾਮਲ ਹੁੰਦੀਆਂ ਹਨ ਜੋ ਵਿਦੇਸ਼ੀ ਦਖਲਅੰਦਾਜ਼ੀ ਲਈ ਸੰਵੇਦਨਸ਼ੀਲ ਹੋ ਸਕਦੇ ਹਨ।

## ਕਮਿਸ਼ਨ ਨੂੰ ਆਪਣੀ ਸਬਮਿਸ਼ਨ ਭੇਜਣਾ

ਤੁਸੀਂ ਕਮਿਸ਼ਨ ਨੂੰ ਈਮੇਲ, ਮੇਲ, ਜਾਂ ਸਿਗਨਲ ਇਨਕ੍ਰਿਪਟਡ ਮੈਸੇਜਿੰਗ ਐਪ ਰਾਹੀਂ ਆਪਣੀ ਸਬਮਿਸ਼ਨ ਪ੍ਰਦਾਨ ਕਰ ਸਕਦੇ ਹੋ, ਜਿਵੇਂ ਕਿ ਹੇਠਾਂ ਵਰਣਨ ਕੀਤਾ ਗਿਆ ਹੈ। ਜੇ ਤੁਹਾਡੇ ਕੋਲ ਸਬਮਿਸ਼ਨ ਕਰਨ ਬਾਰੇ ਕੋਈ ਸਵਾਲ ਹਨ, ਜਾਂ ਜੇਕਰ ਤੁਸੀਂ ਸੁਵਿਧਾ ਤੋਂ ਬਿਨਾਂ ਲਿਖਤੀ ਰੂਪ ਵਿੱਚ ਸਬਮਿਸ਼ਨ ਕਰਨ ਵਿੱਚ ਅਸਮਰੱਥ ਹੋ, ਤਾਂ ਕਿਰਪਾ ਕਰਕੇ consultation@pifi-epie.gc.ca 'ਤੇ ਕਮਿਸ਼ਨ ਨਾਲ ਸੰਪਰਕ ਕਰੋ ਅਤੇ ਇੱਕ ਟੈਲੀਫੋਨ ਨੰਬਰ ਪ੍ਰਦਾਨ ਕਰੋ ਜਿਸਦੀ ਵਰਤੋਂ ਕਮਿਸ਼ਨ ਦੀ ਟੀਮ ਤੁਹਾਡੇ ਨਾਲ ਗੱਲਬਾਤ ਕਰਨ ਲਈ ਸੰਪਰਕ ਕਰਨ ਵਾਸਤੇ ਕਰ ਸਕਦੀ ਹੈ।

### ਈਮੇਲ

ਤੁਸੀਂ ਹੇਠਾਂ ਦਿੱਤੇ ਈਮੇਲ ਪਤੇ 'ਤੇ ਕਮਿਸ਼ਨ ਨੂੰ ਆਪਣੀ ਸਬਮਿਸ਼ਨ ਈਮੇਲ ਕਰ ਸਕਦੇ ਹੋ:

consultation@pifi-epie.gc.ca

### ਸਿਗਨਲ

ਜੇਕਰ ਤੁਸੀਂ ਇਨਕ੍ਰਿਪਟਡ ਸਾਧਨਾਂ ਦੀ ਵਰਤੋਂ ਕਰਕੇ ਕਮਿਸ਼ਨ ਨੂੰ ਜਾਣਕਾਰੀ ਪ੍ਰਦਾਨ ਕਰਨ ਵਿੱਚ ਵਧੇਰੇ ਆਰਾਮਦਾਇਕ ਮਹਿਸੂਸ ਕਰਦੇ ਹੋ, ਤਾਂ ਤੁਸੀਂ ਸਿਗਨਲ - ਪ੍ਰਾਈਵੇਟ ਮੈਸੇਂਜਰ ਐਪ (Signal – Private Messenger app) ਰਾਹੀਂ ਅਜਿਹਾ ਕਰ ਸਕਦੇ ਹੋ। ਕਮਿਸ਼ਨ ਦਾ ਸਿਗਨਲ ਯੂਜ਼ਰਨੇਮ signal_pifi_epie20.24 ਹੈ।

### ਡਾਕ

ਤੁਸੀਂ ਹੇਠਾਂ ਦਿੱਤੇ ਪਤੇ 'ਤੇ ਸਤਹੀ ਡਾਕ ਦੁਆਰਾ ਸਾਨੂੰ ਆਪਣੀ ਸਬਮਿਸ਼ਨ ਭੇਜ ਸਕਦੇ ਹੋ:

Public Inquiry into Foreign Interference
90 Sparks St
Basement - 04
Ottawa, ON  K1A 0H9

## ਮਹੱਤਵਪੂਰਨ ਤਾਰੀਖਾਂ

ਕਮਿਸ਼ਨ ਫੌਲ 2024 ਵਿੱਚ ਜਨਤਕ ਸੁਣਵਾਈਆਂ ਕਰੇਗੀ, ਜਿਸ ਵਿੱਚ ਫੈਡਰਲ ਸਰਕਾਰ ਨੂੰ ਸਿਫ਼ਾਰਸ਼ਾਂ ਕਰਨ ਵਿੱਚ ਕਮਿਸ਼ਨਰ ਦੀ ਸਹਾਇਤਾ ਕਰਨ ਦੇ ਇਰਾਦੇ ਵਾਲੀਆਂ ਸੁਣਵਾਈਆਂ ਸ਼ਾਮਲ ਹਨ। ਇਹਨਾਂ ਸੁਣਵਾਈਆਂ ਦੇ ਸਮੇਂ ਦੇ ਮੱਦੇਨਜ਼ਰ, ਕੋਈ ਵੀ ਸਬਮਿਸ਼ਨਾਂ **31 ਜੁਲਾਈ, 2024** ਤੋਂ ਪਹਿਲਾਂ ਕੀਤੀ ਜਾਣੀਆਂ ਚਾਹੀਦੀਆਂ ਹਨ।